Punjabi | ਪੰਜਾਬੀ

# 2027 ਲਈ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਲੈਣਾ



ਫਾਊਂਡੇਸ਼ਨ (ਜਿਸਨੂੰ ਪ੍ਰੈਪ ਵੀ ਕਿਹਾ ਜਾਂਦਾ ਹੈ) ਵਿਕਟੋਰੀਆ ਵਿੱਚ ਪ੍ਰਾਇਮਰੀ ਸਕੂਲ ਦਾ ਪਹਿਲਾ ਸਾਲ ਹੁੰਦਾ ਹੈ।

ਜੇਕਰ ਤੁਹਾਡਾ ਬੱਚਾ 30 ਅਪ੍ਰੈਲ 2027 ਤੋਂ ਪਹਿਲਾਂ 5 ਸਾਲ ਦਾ ਹੋ ਜਾਂਦਾ ਹੈ ਤਾਂ ਉਹ ਸਕੂਲ ਜਾਣਾ ਸ਼ੁਰੂ ਕਰ ਸਕਦਾ ਹੈ। ਜਦੋਂ ਤੁਹਾਡਾ ਬੱਚਾ 6 ਸਾਲ ਦਾ ਹੋ ਜਾਂਦਾ ਹੈ ਤਾਂ ਉਸਦਾ ਸਕੂਲ ਜਾਣਾ ਲਾਜ਼ਮੀ ਹੁੰਦਾ ਹੈ।

## ਮੈਂ ਕਦੋਂ ਅਰਜ਼ੀ ਦੇ ਸਕਦਾ/ਸਕਦੀ ਹਾਂ?

2027 ਲਈ ਵਿਕਟੋਰੀਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਲੈਣ ਲਈ ਅਰਜ਼ੀਆਂ:

- **ਸੋਮਵਾਰ 20 ਅਪ੍ਰੈਲ 2026 ਤੋਂ** ਖੁੱਲ੍ਹਣਗੀਆਂ
- ਅਰਜ਼ੀ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ **ਸ਼ੁੱਕਰਵਾਰ, 31 ਜੁਲਾਈ 2026 ਹੋਵੇਗੀ।**

## ਮੇਰੇ ਬੱਚੇ ਦੇ ਦਾਖ਼ਲੇ ਦੇ ਅਧਿਕਾਰ ਕੀ ਹਨ?

ਵਿਕਟੋਰੀਆ ਵਿੱਚ, ਤੁਹਾਡੇ ਬੱਚੇ ਨੂੰ *ਐਜੂਕੇਸ਼ਨ ਐਂਡ ਟਰੇਨਿੰਗ ਰਿਫਾਰਮ ਐਕਟ 2006* ਦੇ ਤਹਿਤ ਆਪਣੇ ਨਿਰਧਾਰਤ ਗੁਆਂਢੀ ਸਕੂਲ (ਤੁਹਾਡੇ 'ਸਥਾਨਕ ਸਕੂਲ') ਵਿੱਚ ਜਾਣ ਦਾ ਅਧਿਕਾਰ ਹੈ। ਤੁਹਾਡਾ ਸਥਾਨਕ ਸਕੂਲ ਤੁਹਾਡੇ ਸਥਾਈ ਰਿਹਾਇਸ਼ੀ ਪਤੇ ਦੇ ਅਧਾਰ 'ਤੇ ਸਕੂਲ ਜ਼ੋਨ ਦੁਆਰਾ ਤੈਅ ਕੀਤਾ ਜਾਂਦਾ ਹੈ। ਦਾਖ਼ਲੇ ਨਾਲ ਸੰਬੰਧਿਤ ਫ਼ੈਸਲੇ ਕਿਵੇਂ ਲਏ ਜਾਂਦੇ ਹਨ, ਇਸ ਬਾਰੇ ਹੋਰ ਜਾਣਨ ਲਈ, 'Enrolling in school' (ਸਕੂਲ ਵਿੱਚ ਦਾਖ਼ਲਾ ਲੈਣਾ) 'ਤੇ ਜਾਓ।

## ਮੈਂ ਆਪਣੇ ਬੱਚੇ ਨੂੰ ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਵਿੱਚ ਕਿਵੇਂ ਦਾਖ਼ਲ ਕਰਵਾਵਾਂ?

ਇੱਥੇ ਦੱਸਿਆ ਗਿਆ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਵਿੱਚ ਕਿਵੇਂ ਦਾਖ਼ਲ ਕਰਵਾ ਸਕਦੇ ਹੋ:

1. **ਆਪਣਾ ਸਥਾਨਕ ਸਕੂਲ ਲੱਭੋ**
   ਆਪਣੇ ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ ਜਾਂ ਨੇੜਲੇ ਸਕੂਲਾਂ ਨੂੰ ਲੱਭਣ ਲਈ www.findmyschool.vic.gov.au 'ਤੇ ਜਾਓ।
2. **ਸਕੂਲ ਨਾਲ ਸੰਪਰਕ ਕਰੋ**
   ਮਰਜ਼ੀ ਅਨੁਸਾਰ ਟੂਰ ਬੁੱਕ ਕਰਨ ਲਈ ਪ੍ਰਾਇਮਰੀ ਸਕੂਲ ਨਾਲ ਸੰਪਰਕ ਕਰੋ। ਪਤਾ ਕਰੋ ਕਿ ਕੀ ਸਕੂਲ ਔਨਲਾਈਨ (VicStudents) ਜਾਂ ਕਾਗਜ਼-ਅਧਾਰਿਤ ਦਾਖ਼ਲਾ ਪ੍ਰਕਿਰਿਆ ਦੀ ਵਰਤੋਂ ਕਰ ਰਿਹਾ ਹੈ। ਇਹ ਜਾਣਕਾਰੀ ਸਕੂਲ ਦੀ ਵੈੱਬਸਾਈਟ ਰਾਹੀਂ ਉਪਲਬਧ ਹੋਵੇਗੀ।
3. **ਜਾਣਕਾਰੀ ਪੈਕ ਡਾਊਨਲੋਡ ਕਰੋ**
   ਇੰਨਰੋਲਿੰਗ ਇਨ ਫਾਊਂਡੇਸ਼ਨ (ਪਰੈਪ) ਫਾਊਂਡੇਸ਼ਨ (ਪ੍ਰੈਪ) ਵਿੱਚ ਨਾਮ ਦਾਖ਼ਲ ਕਰਵਾਉਣ ਦੀ ਜਾਣਕਾਰੀ ਵਾਲੇ ਪੈਕ ਨੂੰ ਡਾਊਨਲੋਡ ਕਰੋ। ਇਹ ਪੈਕ ਵੀਰਵਾਰ 2 ਅਪ੍ਰੈਲ 2026 ਤੱਕ ਉਪਲਬਧ ਹੋਵੇਗਾ।
4. **ਆਪਣੀ ਦਾਖ਼ਲਾ ਅਰਜ਼ੀ ਜਮ੍ਹਾਂ ਕਰੋ**
   ਔਨਲਾਈਨ (VicStudents) ਜਾਂ ਸਕੂਲ ਦੀ ਵੈੱਬਸਾਈਟ 'ਤੇ ਦੱਸੀ ਗਈ ਪ੍ਰਕਿਰਿਆ ਦੇ ਆਧਾਰ 'ਤੇ ਪੇਪਰ ਫਾਰਮ ਦੀ ਵਰਤੋਂ ਕਰਕੇ **ਸ਼ੁੱਕਰਵਾਰ 31 ਜੁਲਾਈ 2026 ਤੱਕ** ਦਾਖ਼ਲਾ ਅਰਜ਼ੀ ਜਮ੍ਹਾਂ ਕਰੋ।
5. **ਨਤੀਜਾ ਪ੍ਰਾਪਤ ਕਰੋ**
   ਤੁਹਾਨੂੰ ਤੁਹਾਡੀ ਦਾਖ਼ਲਾ ਅਰਜ਼ੀ ਦੇ ਨਤੀਜੇ ਬਾਰੇ **ਸੋਮਵਾਰ 3 ਅਗਸਤ ਤੋਂ ਸ਼ੁੱਕਰਵਾਰ 14 ਅਗਸਤ 2026 ਦੇ ਵਿਚਕਾਰ** ਸੂਚਿਤ ਕੀਤਾ ਜਾਵੇਗਾ। ਜੇਕਰ ਤੁਹਾਨੂੰ ਦਾਖ਼ਲੇ ਦੀ ਪੇਸ਼ਕਸ਼ ਮਿਲਦੀ ਹੈ, ਤਾਂ ਤੁਹਾਨੂੰ ਇਹ ਪੇਸ਼ਕਸ਼ **ਸ਼ੁੱਕਰਵਾਰ 28 ਅਗਸਤ 2026 ਤੱਕ** ਸਵੀਕਾਰ ਕਰ ਲੈਣੀ ਚਾਹੀਦੀ ਹੈ।
6. **ਆਪਣੇ ਬੱਚੇ ਦੀ ਸਕੂਲ ਸ਼ੁਰੂ ਕਰਨ ਦੀ ਤਿਆਰੀ ਕਰੋ**
   2026 ਦੇ ਟਰਮ 4 ਦੌਰਾਨ ਵਿਦਿਆਰਥੀ ਟ੍ਰਾਂਜ਼ੀਸ਼ਨ ਸੈਸ਼ਨਾਂ ਵਿੱਚ ਭਾਗ ਲਓ। ਤੁਹਾਡਾ ਬੱਚਾ **ਵੀਰਵਾਰ 28 ਜਨਵਰੀ 2027** ਤੋਂ ਫਾਊਂਡੇਸ਼ਨ ਸ਼ੁਰੂ ਕਰੇਗਾ।

## ਮੈਂ ਆਪਣੇ ਸਥਾਨਕ ਸਕੂਲ ਨੂੰ ਕਿਵੇਂ ਲੱਭਾਂ?

ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਕੇ 'ਫਾਈਂਡ ਮਾਈ ਸਕੂਲ' (Find my School) ਵੈੱਬਸਾਈਟ 'ਤੇ ਆਪਣੇ ਸਥਾਨਕ ਸਕੂਲ ਨੂੰ ਲੱਭੋ:

1. ਆਪਣੇ ਬ੍ਰਾਊਜ਼ਰ ਵਿੱਚ www.findmyschool.vic.gov.au ਲਿਖੋ।
2. 'ਸ਼ੁਰੂਆਤ ਕਰਨ ਲਈ ਆਪਣਾ ਪਤਾ ਭਰੋ' ਦੇ ਵਿੱਚ ਆਪਣਾ ਸਥਾਈ ਰਿਹਾਇਸ਼ੀ ਪਤਾ ਭਰੋ।
3. 'ਦਾਖ਼ਲਾ ਸਾਲ' ਵਿੱਚ 2027 ਦੀ ਚੋਣ ਕਰੋ। **2027 ਲਈ ਸਕੂਲ ਜ਼ੋਨ ਵੀਰਵਾਰ 2 ਅਪ੍ਰੈਲ 2026 ਤੱਕ** ਉਪਲਬਧ ਹੋਣਗੇ।
4. 'ਸਕੂਲ ਦੀ ਕਿਸਮ' ਦੇ ਵਿੱਚ ਪ੍ਰਾਇਮਰੀ ਦੀ ਚੋਣ ਕਰੋ।

ਫਿਰ ਨਕਸ਼ਾ ਤੁਹਾਡਾ ਪਤਾ, ਤੁਹਾਡਾ ਸਥਾਨਕ ਸਕੂਲ, ਅਤੇ ਖੱਬੇ ਪਾਸੇ ਸਕੂਲ ਦੇ ਸੰਪਰਕ ਵੇਰਵੇ ਦਿਖਾਏਗਾ। ਜੇ ਤੁਸੀਂ ਹੇਠਾਂ ਵੱਲ ਨੂੰ ਜਾਂਦੇ ਹੋ, ਤਾਂ ਇਹ ਤੁਹਾਨੂੰ ਤੁਹਾਡੇ ਪਤੇ ਦੇ ਪੰਜ ਸਭ ਤੋਂ ਨਜ਼ਦੀਕੀ ਸਕੂਲ ਵੀ ਦਿਖਾਏਗਾ। ਤੁਸੀਂ 'ਸਰਚ ਫਾਰ ਸਕੂਲ' (Search for school) ਵਿੱਚ ਸਕੂਲ ਦੇ ਨਾਮ ਨਾਲ ਵੀ ਲੱਭ ਸਕਦੇ ਹੋ।

## ਜੇਕਰ ਮੇਰੀ ਦਾਖਲਾ ਅਰਜ਼ੀ ਅਸਫ਼ਲ ਰਹਿੰਦੀ ਹੈ ਤਾਂ ਕੀ ਕਰਾਂ?

ਜੇਕਰ ਤੁਹਾਡੀ ਅਰਜ਼ੀ ਸਫ਼ਲ ਨਹੀਂ ਹੁੰਦੀ ਹੈ, ਤਾਂ ਤੁਸੀਂ:

- ਕਿਸੇ ਹੋਰ ਸਕੂਲ ਵਿੱਚ **ਅਰਜ਼ੀ** ਦੇ ਸਕਦੇ ਹੋ। ਤੁਹਾਡੇ ਬੱਚੇ ਨੂੰ ਉਸ ਦੇ ਸਥਾਨਕ ਸਕੂਲ ਵਿਖੇ ਦਾਖ਼ਲਾ ਮਿਲਣ ਦੀ ਗਾਰੰਟੀ ਹੈ। ਆਪਣੇ ਬੱਚੇ ਦੇ ਸਥਾਨਕ ਸਕੂਲ ਨੂੰ ਲੱਭਣ ਲਈ **ਫਾਈਂਡ ਮਾਈ ਸਕੂਲ (Find my School)** 'ਤੇ ਜਾਓ।
- ਤੁਸੀਂ ਫੈਸਲੇ ਖ਼ਿਲਾਫ਼ ਅਪੀਲ ਵੀ ਕਰ ਸਕਦੇ ਹੋ। ਇੰਨਰੋਲਿੰਗ ਇਨ ਫਾਊਂਡੇਸ਼ਨ (ਪ੍ਰੈਪ) ਪੰਨੇ ਵਿੱਚ ਨਾਮ ਦਾਖ਼ਲ ਕਰਵਾਉਣ ਦੀ ਅਰਜ਼ੀ ਦੇ ਨਤੀਜੇ ਖਿਲਾਫ਼ ਅਪੀਲ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਹੈ।

## ਜੇ ਮੈਂ ਨਾਮ ਦਾਖ਼ਲ ਕਰਵਾਉਣ ਦੀਆਂ ਸਮਾਂ-ਸੀਮਾਵਾਂ ਤੋਂ ਖੁੰਝ ਜਾਵਾਂ ਤਾਂ ਕੀ ਹੋਵੇਗਾ?

ਤੁਸੀਂ ਆਪਣੇ ਬੱਚੇ ਨੂੰ 2027 ਸਕੂਲ ਸਾਲ ਲਈ ਫਾਊਂਡੇਸ਼ਨ ਵਿੱਚ ਦਾਖ਼ਲ ਕਰਨ ਲਈ **ਸੋਮਵਾਰ 20 ਅਪ੍ਰੈਲ 2026** ਤੋਂ ਕਿਸੇ ਵੀ ਸਮੇਂ ਅਰਜ਼ੀ ਦੇ ਸਕਦੇ ਹੋ।

ਹਾਲਾਂਕਿ ਤੁਹਾਨੂੰ **ਸ਼ੁੱਕਰਵਾਰ 31 ਜੁਲਾਈ 2026 ਤੱਕ** ਦਾਖ਼ਲਾ ਅਰਜ਼ੀ ਜਮ੍ਹਾਂ ਕਰਾਉਣ ਲਈ ਕਿਹਾ ਜਾਂਦਾ ਹੈ, ਫਿਰ ਵੀ ਉਨ੍ਹਾਂ ਪਰਿਵਾਰਾਂ ਤੋਂ ਦੇਰ ਨਾਲ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ ਜੋ ਦਾਖ਼ਲਾ ਸਮਾਂ-ਸੀਮਾ ਖੁੰਝਾ ਚੁੱਕੇ ਹਨ, ਰਿਹਾਇਸ਼ ਬਦਲਦੇ ਹਨ, ਜਾਂ ਵਿਕਟੋਰੀਆ ਵਿੱਚ ਨਵੇਂ ਆਏ ਹਨ।

**31 ਜੁਲਾਈ 2026 ਤੋਂ ਬਾਅਦ ਜਮ੍ਹਾਂ ਕੀਤੀਆਂ** ਦਾਖ਼ਲਾ ਅਰਜ਼ੀਆਂ **ਸਕੂਲ ਨੂੰ ਜਿਵੇਂ-ਜਿਵੇਂ ਮਿਲਦੀਆਂ ਹਨ**, ਉਨ੍ਹਾਂ 'ਤੇ ਪ੍ਰਾਇਮਰੀ ਸਕੂਲ ਦੁਆਰਾ ਵਿਭਾਗ ਦੀ ਦਾਖ਼ਲਾ ਨੀਤੀ ਦੇ ਅਨੁਸਾਰ ਪ੍ਰਕਿਰਿਆ ਕੀਤੀ ਜਾਵੇਗੀ।

## ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਲੈਣ ਬਾਰੇ ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਫਾਊਂਡੇਸ਼ਨ ਵਿੱਚ ਦਾਖ਼ਲਾ ਲੈਣ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ ਆਪਣੇ ਸਥਾਨਕ ਪ੍ਰਾਇਮਰੀ ਸਕੂਲ ਨੂੰ ਪੁੱਛ ਸਕਦੇ ਹੋ।

**ਸੋਮਵਾਰ 20 ਅਪ੍ਰੈਲ 2026** ਤੋਂ, ਤੁਸੀਂ ਫਾਊਂਡੇਸ਼ਨ ਦਾਖਲਾ ਪ੍ਰਕਿਰਿਆ ਬਾਰੇ ਇੱਕ ਜਾਣਕਾਰੀ ਪੈਕ ਫਾਊਂਡੇਸ਼ਨ (ਪ੍ਰੈਪ) ਪੰਨੇ 'ਤੇ ਵੀ ਲੱਭ ਸਕਦੇ ਹੋ।

ਜੇ ਤੁਹਾਨੂੰ ਜਾਣਕਾਰੀ ਪੈਕ ਦਾ ਅਨੁਵਾਦ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਹਾਇਤਾ ਲਈ ਆਪਣੇ ਸਥਾਨਕ ਪ੍ਰਾਇਮਰੀ ਸਕੂਲ ਦੇ ਨਾਲ ਗੱਲ ਕਰੋ।

## ਮੈਂ ਸਹਾਇਤਾ ਲਈ ਕਿਸ ਨਾਲ ਸੰਪਰਕ ਕਰਾਂ?

ਟਰਾਂਜੀਸ਼ਨ ਕੋਆਰਡੀਨੇਟਰ, ਦਾਖ਼ਲਾ ਅਫ਼ਸਰ ਜਾਂ ਉਸ ਪ੍ਰਾਇਮਰੀ ਸਕੂਲ ਦਾ ਪ੍ਰਿੰਸੀਪਲ ਜਿੱਥੇ ਤੁਸੀਂ ਅਰਜ਼ੀ ਦੇਣੀ ਚਾਹੁੰਦੇ ਹੋ, ਦਾਖ਼ਲੇ ਦੇ ਤਰੀਕੇ ਬਾਰੇ ਤੁਹਾਡੇ ਕਿਸੇ ਵੀ ਸਵਾਲਾਂ ਦੇ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ।

## ਉਪਯੋਗੀ ਲਿੰਕ

ਕਿਰਪਾ ਕਰਕੇ ਹੇਠਾਂ ਕੁੱਝ ਉਪਯੋਗੀ ਲਿੰਕ ਲੱਭੋ ਜੋ ਤੁਹਾਡੇ ਲਈ ਮਦਦਗਾਰ ਹੋ ਸਕਦੇ ਹਨ ਜਦੋਂ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਸ਼ੁਰੂ ਕਰੇਗਾ:

ਫਾਈਂਡ ਮਾਈ ਸਕੂਲ (Find my School) – findmyschool.vic.gov.au

ਸਕੂਲ ਜ਼ੋਨਾਂ ਬਾਰੇ ਜਾਣਕਾਰੀ – vic.gov.au/school-zones

ਫਾਊਂਡੇਸ਼ਨ (ਪ੍ਰੈਪ) ਵਿੱਚ ਨਾਮ ਦਾਖ਼ਲ ਕਰਵਾਉਣਾ – vic.gov.au/enrolling-foundation-prep

ਸਕੂਲ ਵਿੱਚ ਦਾਖ਼ਲਾ ਲੈਣਾ – vic.gov.au/how-choose-school-and-enrol

ਅਪੰਗਤਾ ਅਤੇ ਸ਼ਮੂਲੀਅਤ ਸਿੱਖਿਆ – vic.gov.au/disability-and-inclusive-education

ਖੇਤਰੀ ਦਫ਼ਤਰ ਦੇ ਸੰਪਰਕ – vic.gov.au/office-locations-department-education

# 2027 ਫਾਊਂਡੇਸ਼ਨ (ਪ੍ਰੈਪ) ਦਾਖ਼ਲਿਆਂ ਲਈ ਸਮਾਂ-ਸੀਮਾ

| 2026 ਦੀਆਂ ਤਾਰੀਖਾਂ | ਮਾਪਿਆਂ/ਦੇਖਭਾਲ ਕਰਨ ਵਾਲਿਆਂ ਨੂੰ ਕੀ ਕਰਨ ਦੀ ਲੋੜ ਹੈ? |
|---|---|
| **ਟਰਮ 1** | **ਮੰਗਲਵਾਰ 27 ਜਨਵਰੀ (ਵਿਦਿਆਰਥੀ 28 ਜਨਵਰੀ ਤੋਂ ਸ਼ੁਰੂ ਕਰ ਸਕਦੇ ਹਨ) - ਵੀਰਵਾਰ 2 ਅਪ੍ਰੈਲ 2026** |
| **ਟਰਮ 1 ਅਤੇ 2, 2026** | • ਪ੍ਰਾਇਮਰੀ ਸਕੂਲਾਂ ਵੱਲੋਂ ਆਯੋਜਿਤ **ਸਕੂਲ ਟੂਰਾਂ ਵਿੱਚ ਸ਼ਾਮਲ ਹੋਵੋ** *(ਮਰਜ਼ੀ ਅਨੁਸਾਰ)*। |
| **ਵੀਰਵਾਰ 2 ਅਪ੍ਰੈਲ 2026 ਤੱਕ** | • 2027 ਸਕੂਲ ਸਾਲ ਲਈ ਸਕੂਲ ਜ਼ੋਨ ਜਾਰੀ ਹੋ ਜਾਣਗੇ। ਤੁਸੀਂ ਆਪਣੇ ਸਥਾਨਕ ਸਕੂਲ ਨੂੰ **www.findmyschool.vic.gov.au** 'ਤੇ ਲੱਭ ਸਕਦੇ ਹੋ। |
| **ਟਰਮ 2** | **ਸੋਮਵਾਰ 20 ਅਪ੍ਰੈਲ - ਸ਼ੁੱਕਰਵਾਰ 26 ਜੂਨ 2026** |
| **ਸੋਮਵਾਰ 20 ਅਪ੍ਰੈਲ 2026 ਤੋਂ** | • ਟਰਮ 2 ਦੀ ਸ਼ੁਰੂਆਤ ਤੋਂ, **ਆਪਣੇ ਬੱਚੇ ਦੀ ਅਰਜ਼ੀ ਭਰੋ ਅਤੇ ਜਮ੍ਹਾਂ ਕਰੋ** - ਜਾਂ ਤਾਂ ਔਨਲਾਈਨ ਜਾਂ ਐਨਰੋਲਮੈਂਟ ਇਨਫਰਮੇਸ਼ਨ ਪੈਕ ਵਿੱਚ ਦਿੱਤੇ ਅਰਜ਼ੀ ਫਾਰਮ ਦੀ ਵਰਤੋਂ ਕਰਕੇ, ਜਿਵੇਂ ਤੁਹਾਡਾ ਸਕੂਲ ਦੱਸੇਗਾ।<br>• **ਹੋਰ ਜਾਣਕਾਰੀ ਲਈ, ਤੁਸੀਂ** ਫਾਊਂਡੇਸ਼ਨ ਵਿੱਚ ਦਾਖਲਾ (ਪ੍ਰੈਪ) ਪੰਨੇ ਤੋਂ **ਐਨਰੋਲਮੈਂਟ ਇਨਫਰਮੇਸ਼ਨ ਪੈਕ ਡਾਊਨਲੋਡ ਕਰ ਸਕਦੇ ਹੋ।** |
| **ਟਰਮ 3** | **ਸੋਮਵਾਰ 13 ਜੁਲਾਈ - ਸ਼ੁੱਕਰਵਾਰ 18 ਸਤੰਬਰ 2026** |
| **ਸ਼ੁੱਕਰਵਾਰ 31 ਜੁਲਾਈ 2026 ਤੱਕ** | • **ਆਪਣੀ ਭਰੀ ਹੋਈ ਅਰਜ਼ੀ** ਇਸ ਤਾਰੀਖ ਤੱਕ ਪ੍ਰਾਇਮਰੀ ਸਕੂਲ ਵਿੱਚ ਜਮ੍ਹਾਂ ਕਰੋ। |
| **ਸੋਮਵਾਰ 3 ਅਗਸਤ ਅਤੇ ਸ਼ੁੱਕਰਵਾਰ 14 ਅਗਸਤ 2026 ਦੇ ਵਿਚਕਾਰ** | • **ਪ੍ਰਾਇਮਰੀ ਸਕੂਲ** ਇਸ ਸਮੇਂ ਦੌਰਾਨ **ਤੁਹਾਨੂੰ ਦਾਖ਼ਲਾ ਨਤੀਜਿਆਂ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਨਗੇ।**<br>• ਜੇਕਰ ਤੁਹਾਡੀ ਅਰਜ਼ੀ ਸਫ਼ਲ ਨਹੀਂ ਹੁੰਦੀ ਹੈ, ਤਾਂ ਤੁਸੀਂ ਪ੍ਰਾਇਮਰੀ ਸਕੂਲ ਕੋਲ ਅਪੀਲ ਕਰ ਸਕਦੇ ਹੋ। |
| **ਸ਼ੁੱਕਰਵਾਰ 28 ਅਗਸਤ 2026 ਤੱਕ** | • ਦਾਖ਼ਲਾ ਪੇਸ਼ਕਸ਼ ਦੇ ਨਾਲ ਦਿੱਤੇ ਗਏ ਦਾਖ਼ਲਾ ਫਾਰਮ ਨੂੰ ਭਰ ਕੇ **ਆਪਣੇ ਬੱਚੇ ਦੀ ਜਗ੍ਹਾ ਸਵੀਕਾਰ ਕਰਨ ਦੀ ਪੁਸ਼ਟੀ ਕਰੋ**।<br>• ਜੇਕਰ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ, ਤਾਂ ਸ਼ੁੱਕਰਵਾਰ 28 ਅਗਸਤ ਤੱਕ ਆਪਣੇ ਪ੍ਰਾਇਮਰੀ ਸਕੂਲ ਵਿੱਚ ਲਿਖਤੀ ਅਪੀਲ ਜਮ੍ਹਾਂ ਕਰੋ। |
| **ਸ਼ੁੱਕਰਵਾਰ 11 ਸਤੰਬਰ 2026 ਤੱਕ** | • ਪ੍ਰਾਇਮਰੀ ਸਕੂਲ ਤੁਹਾਨੂੰ ਅਪੀਲ ਦੇ ਨਤੀਜਿਆਂ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਨਗੇ। |
| **ਸ਼ੁੱਕਰਵਾਰ 18 ਸਤੰਬਰ 2026 ਤੱਕ** | • ਜੇਕਰ ਤੁਹਾਡੀ ਸਕੂਲ ਵਿੱਚ ਕੀਤੀ ਅਪੀਲ ਅਸਫ਼ਲ ਰਹਿੰਦੀ ਹੈ, ਤਾਂ ਤੁਸੀਂ ਸੰਬੰਧਿਤ ਰਿਜ਼ਨਲ ਡਾਇਰੈਕਟਰ ਨੂੰ ਲਿਖਤੀ ਅਪੀਲ ਜਮ੍ਹਾਂ ਕਰ ਸਕਦੇ ਹੋ। |
| **ਟਰਮ 4** | **ਸੋਮਵਾਰ 5 ਅਕਤੂਬਰ - ਸ਼ੁੱਕਰਵਾਰ 18 ਦਸੰਬਰ 2026** |
| **ਟਰਮ 4, 2026** | • ਟਰਮ 4 ਦੌਰਾਨ ਸਕੂਲਾਂ ਵੱਲੋਂ ਕਰਵਾਏ ਜਾਣ ਵਾਲੇ ਟ੍ਰਾਂਜ਼ੀਸ਼ਨ ਸੈਸ਼ਨਾਂ ਵਿੱਚ ਹਿੱਸਾ ਲਓ। |
| **ਸ਼ੁੱਕਰਵਾਰ 6 ਨਵੰਬਰ 2026 ਤੱਕ** | • ਜੇਕਰ ਤੁਸੀਂ ਰਿਜਨਲ ਡਾਇਰੈਕਟਰ ਨੂੰ ਅਪੀਲ ਕੀਤੀ ਹੈ, ਤਾਂ ਰਿਜਨ ਤੁਹਾਨੂੰ ਇਸ ਮਿਤੀ ਤੱਕ ਨਤੀਜੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰੇਗਾ। ਇਹ ਸਿਰਫ਼ ਉਹਨਾਂ ਅਪੀਲਾਂ 'ਤੇ ਲਾਗੂ ਹੁੰਦਾ ਹੈ ਜੋ ਸ਼ੁੱਕਰਵਾਰ 18 ਸਤੰਬਰ ਦੀ ਆਖ਼ਰੀ ਮਿਤੀ ਤੱਕ ਜਮ੍ਹਾਂ ਕੀਤੀਆਂ ਗਈਆਂ ਹਨ। |